15ਵੀਂ ਵਿਧਾਨ ਸਭਾ
ਦੂਜਾ ਸਮਾਗਮ

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ: 6

ਬੁੱਧਵਾਰ, 21 ਜੂਨ, 2017
(10.00 ਵਜੇ ਸਵੇਰ ਤੋਂ 03.00 ਵਜੇ ਬਾਅਦ ਦੁਪਹਿਰ ਤੱਕ)

1. ਪ੍ਰਸ਼ਨ

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 11 | 2 | - | 9 | 27 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 20

2. ਵਾਕ ਆਊਟ

i) ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ, ਬਜਟ ਵਿੱਚ ਦਲਿਤਾਂ ਲਈ ਲੋੜੀਂਦੇ ਫੰਡਜ਼ ਨਾ ਰੱਖੇ ਜਾਣ ਤੇ ਰੋਸ ਵਜੋਂ ਸਰਕਾਰ ਵਿਰੋਧੀ ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।

ii) ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ, ਸਥਾਨਕ ਸਰਕਾਰ ਮੰਤਰੀ ਵੱਲੋਂ ਅਪਸ਼ਬਦ ਵਰਤੇ ਜਾਣ ਦੇ ਮੁੱਦੇ ਤੇ ਮਾਫੀ ਦੀ ਮੰਗ ਕਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।

3. ਮਾਨਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ

ਮਾਨਯੋਗ ਸਪੀਕਰ ਵੱਲੋਂ ਸਰਦਾਰ ਸੁਖਦੇਵ ਸਿੰਘ ਢੀਂਡਸਾ, ਐਮ.ਪੀ., ਰਾਜ ਸਭਾ, ਦੇ ਸਦਨ ਵਿੱਚ ਹਾਜਰ ਹੋਣ ਬਾਰੇ ਸਦਨ ਨੂੰ ਜਾਣੂ ਕਰਾਇਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਿਹਾ।

4. ਧਿਆਨ ਦਿਵਾਊ ਨੋਟਿਸ

1) ਸਰਦਾਰ ਬਰਿੰਦਰਮੀਤ ਸਿੰਘ ਪਾਹੜਾ,ਐਮ.ਐਲ.ਏ. ਨੇ ਆਟਾ ਦਾਲ ਸਕੀਮ ਅਧੀਨ ਅਨਾਜ ਘੁਟਾਲੇ ਵੱਲ ਸਰਕਾਰ ਦਾ ਧਿਆਨ ਦਿਵਾਇਆ।

(ਨੰ. 15)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਜਵਾਬ ਦਿੱਤਾ।

2) ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ., ਸਰਦਾਰ ਨਵਤੇਜ ਸਿੰਘ ਚੀਮਾ, ਐਮ.ਐਲ.ਏ. ਅਤੇ ਪ੍ਰੋਫੈਸਰ ਬਲਜਿੰਦਰ ਕੌਰ, ਐਮ.ਐਲ.ਏ. ਨੇ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋ ਕਲਰਕ ਅਤੇ ਕਲਰਕ -ਕਮ-ਡਾਟਾ ਐਂਟਰੀ ਓਪਰੇਟਰਜ਼ ਦੀਆਂ ਆਸਾਮੀਆਂ ਵਾਸਤੇ ਬੈਠਣ ਵਾਲੇ ਉਮੀਦਵਾਰਾਂ ਲਈ ਪੰਜਾਬੀ ਟਾਈਪ ਦਾ ਟੈਸਟ ਯੂਨੀਕੋਡ ਕੰਪਲੈਂਟ ਫੌਂਟ ਰਾਹੀਂ ਲਾਜ਼ਮੀ ਕਰ ਦਿੱਤੇ ਜਾਣ ਵੱਲ ਸਰਕਾਰ ਦਾ ਧਿਆਨ ਦਿਵਾਇਆ ।

(ਨੰ.16 ਅਤੇ 24)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਜਵਾਬ ਦਿੱਤਾ।

5. ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ

ਮਾਨਯੋਗ ਸਪੀਕਰ ਵੱਲੋਂ ਸਦਨ 11.22 ਵਜੇ ਪੂਰਵ ਦੁਪਹਿਰ ਤੋਂ 11.52 ਵਜੇ ਪੂਰਵ ਦੁਪਹਿਰ ਤੱਕ, 11.52 ਵਜੇ ਪੂਰਵ ਦੁਪਹਿਰ ਤੋਂ 12.07 ਵਜੇ ਬਾਅਦ ਦੁਪਹਿਰ ਤੱਕ ਅਤੇ 12.07 ਵਜੇ ਬਾਅਦ ਦੁਪਹਿਰ ਤੋਂ 12.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਗਿਆ।

ਜਾਰੀ/....